Office of the Public Advocate

# OPA ਸਰਪ੍ਰਸਤ ਦੀ ਭੂਮਿਕਾ

## ਪਬਲਿਕ ਐਡਵੋਕੇਟ (ਜਨਤਕ ਵਕੀਲ) ਤੁਹਾਡੇ ਪਰਿਵਾਰ ਦੇ ਜੀਅ ਵਾਸਤੇ ਸਰਪ੍ਰਸਤ ਹੈ

VCAT ਨੇ ਤੁਹਾਡੇ ਪਰਿਵਾਰ ਦੇ ਜੀਅ (ਜਾਂ ਦੋਸਤ) ਲਈ ਸਰਪ੍ਰਸਤ ਵਜੋਂ ਜਨਤਕ ਵਕੀਲ ਨੂੰ **ਨਿਯੁਕਤ** ਕੀਤਾ ਹੈ। ਨਿਯੁਕਤ ਕੀਤੇ ਗਏ ਦਾ ਮਤਲਬ ਹੈ ਕਿ VCAT ਨੇ ਜਨਤਕ ਵਕੀਲ ਦੀ ਚੋਣ ਕੀਤੀ ਹੈ।

ਸਰਪ੍ਰਸਤ ਤੁਹਾਡੇ ਪਰਿਵਾਰ ਦੇ ਜੀਅ ਨੂੰ ਫੈਸਲੇ ਲੈਣ ਵਿੱਚ ਮਦਦ ਕਰੇਗਾ। ਫੈਸਲਿਆਂ ਦਾ ਮਤਲਬ ਹੈ ਚੋਣਾਂ ਕਰਨਾ। ਉਦਾਹਰਣ ਲਈ, ਇਸ ਬਾਰੇ ਚੋਣਾਂ ਕਰਨਾ ਕਿ ਤੁਹਾਡਾ ਪਰਿਵਾਰ ਦਾ ਜੀਅ ਕਿੱਥੇ ਰਹਿੰਦਾ ਹੈ, ਉਹਨਾਂ ਨੂੰ ਕੌਣ ਮਿਲ ਸਕਦਾ ਹੈ, ਉਹਨਾਂ ਨੂੰ ਕਿਹੜੀਆਂ ਸੇਵਾਵਾਂ ਦੀ ਲੋੜ ਹੈ। ਜੇ ਉਹ ਇਹ ਫੈਸਲੇ ਨਹੀਂ ਲੈ ਸਕਦੇ, ਤਾਂ ਸਰਪ੍ਰਸਤ ਉਨ੍ਹਾਂ ਲਈ ਫੈਸਲੇ ਲਵੇਗਾ।

## OPA ਸਰਪ੍ਰਸਤ

ਸਾਨੂੰ **ਜਨਤਕ ਵਕੀਲ ਦਾ ਦਫਤਰ** ਕਿਹਾ ਜਾਂਦਾ ਹੈ। ਇਸ ਤੱਥ ਸ਼ੀਟ ਵਿੱਚ ਅਸੀਂ ਆਪਣੇ ਆਪ ਨੂੰ OPA ਕਹਿੰਦੇ ਹਾਂ।

ਕੋਈ ਵਿਅਕਤੀ ਜੋ OPA ਵਿਖੇ ਕੰਮ ਕਰਦਾ ਹੈ ਉਹ ਤੁਹਾਡੇ ਪਰਿਵਾਰ ਦੇ ਜੀਅ ਵਾਸਤੇ ਸਰਪ੍ਰਸਤ ਹੋਵੇਗਾ।

OPA ਤੋਂ ਨਿਯੁਕਤ ਸਰਪ੍ਰਸਤ ਇਹ ਕੰਮ ਕਰੇਗਾ:

- ਤੁਹਾਡੇ ਪਰਿਵਾਰ ਦੇ ਜੀਅ ਨੂੰ ਆਪਣੇ ਫੈਸਲੇ ਲੈਣ ਵਿੱਚ ਮਦਦ ਕਰਨਾ, ਜੇ ਉਹ ਮਦਦ ਨਾਲ ਫੈਸਲੇ ਲੈ ਸਕਦੇ ਹਨ
- ਜੇ ਉਹ ਖੁਦ ਫੈਸਲੇ ਨਹੀਂ ਲੈ ਸਕਦੇ ਤਾਂ ਤੁਹਾਡੇ ਪਰਿਵਾਰ ਦੇ ਜੀਅ ਵਾਸਤੇ ਫੈਸਲੇ ਲੈਣਾ
- ਤੁਹਾਡੇ ਪਰਿਵਾਰ ਦੇ ਜੀਅ ਨੂੰ ਦੁਰਵਿਵਹਾਰ ਤੋਂ ਬਚਾਉਣ ਵਿੱਚ ਮਦਦ ਕਰਨਾ
- ਈਮਾਨਦਾਰ ਰਹਿਣਾ ਅਤੇ ਸਖਤ ਮਿਹਨਤ ਕਰਨਾ
- ਜਦੋਂ ਉਹ ਆਪਣਾ ਕੰਮ ਕਰਦੇ ਹਨ ਤਾਂ ਸਾਵਧਾਨ ਰਹਿਣਾ
- ਤੁਹਾਡੇ ਪਰਿਵਾਰ ਦੇ ਜੀਅ ਦੀ ਜਾਣਕਾਰੀ ਨੂੰ ਨਿੱਜੀ ਰੱਖਣਾ
- ਇਹ ਸੁਨਿਸ਼ਚਿਤ ਕਰਨਾ ਕਿ ਉਹਨਾਂ ਦੇ **ਹਿੱਤਾਂ ਦਾ ਟਕਰਾਅ** ਨਾ ਹੋਵੇ।
  ਇਸ ਦਾ ਮਤਲਬ ਇਹ ਹੈ ਕਿ ਉਹਨਾਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਖੁਦ ਦੇ ਹਿੱਤਾਂ ਨੂੰ ਉਹਨਾਂ

ਫੈਸਲਿਆਂ ਨੂੰ ਪ੍ਰਭਾਵਿਤ ਨਹੀਂ ਕਰਨ ਦੇਣਾ ਚਾਹੀਦਾ ਹੈ, ਜੋ ਉਹ ਤੁਹਾਡੇ ਪਰਿਵਾਰ ਦੇ ਜੀਅ ਵਾਸਤੇ ਲੈਂਦੇ ਹਨ।

# ਫੈਸਲਾ ਲੈਣਾ

ਫੈਸਲੇ ਲੈਂਦੇ ਸਮੇਂ ਸਰਪ੍ਰਸਤ ਇਹ ਕੰਮ ਕਰੇਗਾ:

- ਜਾਂਚ ਕਰਨਾ ਕਿ VCAT ਨੇ ਇਹ ਕਿਹਾ ਹੈ ਕਿ ਉਨ੍ਹਾਂ ਨੂੰ ਫੈਸਲਾ ਲੈਣ ਦੀ ਆਗਿਆ ਹੈ
- ਤੁਹਾਡੇ ਪਰਿਵਾਰ ਦੇ ਜੀਅ ਨੂੰ ਫੈਸਲਾ ਲੈਣ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕਰਨਾ
- ਤੁਹਾਡੇ ਪਰਿਵਾਰ ਦੇ ਜੀਅ ਨੂੰ ਉਹ ਕਹਿਣ ਲਈ ਉਤਸ਼ਾਹਿਤ ਕਰਨਾ ਜੋ ਉਹ ਚਾਹੁੰਦੇ ਹਨ
- ਉਹ ਫੈਸਲਾ ਲੈਣ ਦੀ ਕੋਸ਼ਿਸ਼ ਕਰਨਾ ਜੋ ਤੁਹਾਡਾ ਪਰਿਵਾਰ ਦਾ ਜੀਅ ਚਾਹੁੰਦਾ ਹੈ, ਜਦੋਂ ਤੱਕ ਕਿ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਨਾ ਹੋਏ ਹੋਣ।

ਜੇ ਸਰਪ੍ਰਸਤ ਇਹ ਪਤਾ ਨਹੀਂ ਲਗਾ ਸਕਦਾ ਕਿ ਤੁਹਾਡਾ ਪਰਿਵਾਰ ਦਾ ਜੀਅ ਕੀ ਚਾਹੁੰਦਾ ਹੈ, ਤਾਂ ਉਹ ਅਜਿਹਾ ਫੈਸਲਾ ਕਰਨ ਦੀ ਕੋਸ਼ਿਸ਼ ਕਰਨਗੇ ਜੋ ਉਹਨਾਂ ਨੂੰ ਸਿਹਤਮੰਦ ਅਤੇ ਖੁਸ਼ ਰਹਿਣ ਵਿੱਚ ਮਦਦ ਕਰਦਾ ਹੈ। ਉਹ ਤੁਹਾਡੇ ਪਰਿਵਾਰ ਦੇ ਜੀਅ ਦੇ ਜੀਵਨ ਦੀਆਂ ਮਹੱਤਵਪੂਰਣ ਚੀਜ਼ਾਂ ਬਾਰੇ ਸੋਚਣਗੇ। ਉਦਾਹਰਣ ਲਈ, ਉਨ੍ਹਾਂ ਦੇ ਦੋਸਤ ਜਾਂ ਪਰਿਵਾਰ, ਉਨ੍ਹਾਂ ਦਾ ਭਾਈਚਾਰਾ ਅਤੇ ਉਹ ਕਿਹੜੀ ਭਾਸ਼ਾ ਬੋਲਣਾ ਪਸੰਦ ਕਰਦੇ ਹਨ।

# ਵਧੇਰੇ ਜਾਣਕਾਰੀ ਵਾਸਤੇ

OPA ਨੂੰ 1300 309 337 ਉੱਤੇ ਫ਼ੋਨ ਕਰੋ।

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤੁਸੀਂ ਜਦੋਂ ਫ਼ੋਨ ਕਰਦੇ ਹੋ ਤਾਂ ਸਾਨੂੰ ਦੱਸੋ।

Punjabi

Interpreter